Information for Parents

## ਫ਼ਰਕ ਪੈਦਾ ਕਰਨਾ

# ਸਿੱਖਿਆ ਵਿੱਚ ਸਾਹਸ










ਮਾਤਾਪਿਤਾ ਅਤੇ ਕੇਅਰਰਸ (ਦੇਖਭਾਲ ਕਰਨ ਵਾਲੇ) ਆਪਣੇ ਬੱਚੇ ਦੀ ਸਫਲਤਾ ਵਿੱਚ ਵਾਸਤਵਿਕ ਫ਼ਰਕ ਲਿਆ ਸਕਦੇ ਹਨ। ਸਾਰੇ ਬੱਚਿਆਂ ਦੀਆਂ ਵੱਖ-ਵੱਖ ਸ਼ਕਤੀਆਂ, ਹੁਨਰ ਅਤੇ ਦਿਲਚਸਪੀ ਹੁੰਦੀਆਂ ਹਨ। ਇਹ ਜੋ ਵੀ ਹੋਣ, ਜਦੋਂ ਸਿੱਖਿਆ ਦੇ ਪ੍ਰਤਿ ਬੱਚਿਆਂ ਦਾ ਰੁਝਾਨ ਨਿਸ਼ਚੇਵਾਨ ਹੋਵੇ ਤਾਂ ਉਨ੍ਹਾਂ ਅੰਦਰ ਆਪਣੀਆਂ ਯੋਗਤਾਵਾਂ ਦੇ ਪ੍ਰਤਿ ਵਧੇਰੇ ਵਿਸ਼ਵਾਸ ਹੁੰਦਾ ਹੈ ਅਤੇ ਉਹ ਸਫਲ ਹੋਣ ਲਈ ਵਧੇਰੇ ਪ੍ਰੇਰਿਤ ਹੁੰਦੇ ਹਨ। ਬੱਚੇ ਸਕੂਲਾਂ ਵਿੱਚ ਨਵੇਂ ਅਤੇ ਰਚਨਾਤਮਕ ਤਰੀਕਿਆਂ ਨਾਲ ਪੜ੍ਹਾਈ ਕਰ ਰਹੇ ਹਨ, ਆਪਣੀਆਂ ਯੋਗਤਾਵਾਂ ਨੂੰ ਪਛਾਣ ਰਹੇ ਹਨ ਅਤੇ ਅਜਿਹੇ ਹੁਨਰ ਵਿਕਸਿਤ ਕਰ ਰਹੇ ਹਨ ਜਿਨ੍ਹਾਂ ਤੋਂ ਉਨ੍ਹਾਂ ਨੂੰ ਬਾਅਦ ਦੇ ਜੀਵਨ ਵਿੱਚ ਮਦਦ ਮਿਲੇਗੀ। ਆਪਣੇ ਬੱਚੇ ਨੂੰ ਇੱਕ ਨਿਸ਼ਚੇਵਾਨ ਦ੍ਰਿਸ਼ਟੀਕੋਣ ਰੱਖਣ ਅਤੇ ਆਪਣੀ ਖ਼ੁਦ ਦੀ ਪੜ੍ਹਾਈ ਦੀ ਥੋੜ੍ਹੀ ਜ਼ਿੰਮੇਵਾਰੀ ਲੈਣ ਲਈ ਉਤਸ਼ਾਹਿਤ ਕਰਕੇ ਤੁਸੀਂ 'ਸਾਹਸੀ' ਬਣਨ ਵਿੱਚ ਅਤੇ ਸਫਲ ਹੋਣ ਵਿੱਚ ਉਨ੍ਹਾਂ ਦੀ ਮਦਦ ਕਰ ਸਕਦੇ ਹੋ।





## 'ਸਾਹਸੀ ਹੋਣ' ਤੋਂ ਸਾਡਾ ਕੀ ਭਾਵ ਹੈ?

ਸਕੂਲਾਂ ਵਿੱਚ ਪਹਿਲਾਂ ਹੀ 'ਸਫਲ ਹੋਣ ਲਈ ਦ੍ਰਿੜ੍ਹ' ਨਾਮ ਦੀ ਰਣਨੀਤੀ ਦੁਆਰਾ ਬੱਚਿਆਂ ਨੂੰ ਸਾਹਸੀ ਬਣਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸਦਾ ਉਦੇਸ਼ ਹੈ ਜੀਵਨ ਵਿੱਚ ਵਧੇਰੇ ਸਫਲ ਬਣਨ ਲਈ ਆਪਣੀਆਂ ਖ਼ੁਦ ਦੀਆਂ ਸ਼ਕਤੀਆਂ, ਯੋਗਤਾਵਾਂ ਅਤੇ ਹੁਨਰ, ਸੋਚ ਅਤੇ ਜਾਣਕਾਰੀ ਵਿਕਸਿਤ ਕਰਨ ਵਿੱਚ ਸਾਰੇ ਨੌਜਵਾਨਾਂ ਦੀ ਮਦਦ ਕਰਨੀ। ਇਹ ਨਵੀਆਂ ਚੀਜ਼ਾਂ ਦਾ ਪ੍ਰਯੋਗ ਕਰਨ, ਨਵੇਂ ਵਿਚਾਰਾਂ ਨਾਲ ਕੰਮ ਕਰਨ, ਪਹਿਲ ਕਰਨ ਅਤੇ ਇੱਛਾਵਾਂ ਰੱਖਣ ਬਾਰੇ ਹੈ। 'ਸਫਲਤਾ' ਇਮਤਿਹਾਨ ਪਾਸ ਕਰਨ ਤੋਂ ਕਿਤੇ ਵੱਧ ਹੁੰਦੀ ਹੈ। ਇਸ ਵਿੱਚ ਬਹੁਤ ਸਾਰੀਆਂ ਹੋਰ ਉਪਲਬਧੀਆਂ ਸ਼ਾਮਲ ਹੁੰਦੀਆਂ ਹਨ - ਖੇਡਾਂ, ਸੰਗੀਤ ਅਤੇ ਕਲਾ ਵਰਗੀਆਂ ਚੀਜ਼ਾਂ ਵਿੱਚ, ਕਮਿਉਨਿਟੀ ਵਿੱਚ ਮਦਦ ਕਰਨ ਵਿੱਚ, ਸਿਖਲਾਈ ਪ੍ਰਾਪਤ ਕਰਨ ਵਿੱਚ ਅਤੇ ਪਹਿਲੀ ਨੌਕਰੀ ਮਿਲਣ ਵਿੱਚ ਜਾਂ ਕੋਈ ਬਿਜ਼ਨਸ ਚਲਾਉਣ ਵਿੱਚ।

ਸਫਲਤਾ 85% ਹੁਨਰ ਅਤੇ ਸੋਚ ਅਤੇ 15% ਜਾਣਕਾਰੀ ਤੋਂ ਮਿਲਦੀ ਹੈ।

ਸਾਹਸੀ ਤਰੀਕਿਆਂ ਨਾਲ ਸਿੱਖਣ ਨਾਲ ਨੌਜਵਾਨਾਂ ਨੂੰ ਜੀਵਨ ਲਈ ਤਿਆਰ ਹੋਣ ਵਿੱਚ ਮਦਦ ਮਿਲਦੀ ਹੈ ਕਿਉਂਕਿ ਉਹ ਹੇਠਾਂ ਲਿਖੀਆਂ ਗੱਲਾਂ 'ਤੇ ਧਿਆਨ ਕੇਂਦ੍ਰਿਤ ਕਰਦੇ ਹਨ:

- ਅਸਲ ਜੀਵਨ ਦੇ ਹਾਲਾਤ ਵਿੱਚ ਸਿੱਖਣਾ
- ਇਹ ਸਿੱਖਣਾ ਕਿ ਕਿਵੇਂ ਸਿੱਖਣਾ ਹੈ
- ਜੀਵਨ ਲਈ ਉਪਯੋਗੀ ਹੁਨਰ ਅਤੇ ਸਿਧਾਂਤ ਵਿਕਸਿਤ ਕਰਨੇ
- ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨਾ
- ਸਮਝਣਾ ਕਿ ਪੈਸਿਆਂ ਅਤੇ ਸ੍ਰੋਤਾਂ ਦਾ ਪ੍ਰਬੰਧਨ ਕਿਵੇਂ ਕਰਨਾ ਹੈ
- ਸਰਗਰਮ ਸਿੱਖਿਆ - 'ਕੰਮ ਕਰਨ ਦੁਆਰਾ ਸਿੱਖਣਾ'
- ਜਿੱਥੇ ਸਹੀ ਹੋਵੇ ਬਿਜ਼ਨਸਾਂ ਨਾਲ ਜੁੜਨਾ
- ਸਥਾਨਕ ਕਮਿਉਨਿਟੀ ਨਾਲ ਜੁੜਨਾ
- ਵੱਖ-ਵੱਖ ਮੌਕੇ
- ਇੱਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ/ਵਿਆਪਕ ਦ੍ਰਿਸ਼ਟੀਕੋਣ
- ਮਾਤਾ-ਪਿਤਾ ਅਤੇ ਪਰਿਵਾਰਾਂ ਨੂੰ ਸ਼ਾਮਲ ਕਰਨਾ।

## ਮੇਰੇ ਬੱਚੇ ਨੂੰ ਕਿਵੇਂ ਫ਼ਾਇਦਾ ਹੋਵੇਗਾ?

ਉਨ੍ਹਾਂ ਵਿੱਚ ਹੇਠਾਂ ਲਿਖੀਆਂ ਗੱਲਾਂ ਦਾ ਵਿਕਾਸ ਹੋਵੇਗਾ:

- ਆਤਮ-ਵਿਸ਼ਵਾਸ ਅਤੇ ਸਵੈ-ਮਾਣ
- ਨਿਸ਼ਚੇਵਾਨ ਸਿਧਾਂਤ ਅਤੇ ਸੋਚ
- ਦੂਸਰਿਆਂ ਨਾਲ ਮਿਲਕੇ ਚੰਗੀ ਤਰ੍ਹਾਂ ਕੰਮ ਕਰਨ ਦੀ ਯੋਗਤਾ
- ਵੱਧ ਅਜ਼ਾਦੀ ਅਤੇ ਜ਼ਿੰਮੇਵਾਰੀ
- ਆਪਣੇ ਬਾਰੇ ਅਤੇ ਦੂਸਰਿਆਂ ਬਾਰੇ ਬਿਹਤਰ ਜਾਣਕਾਰੀ
- ਰਚਨਾਤਮਕ ਹੁਨਰ
- ਗੱਲਬਾਤ ਕਰਨ ਦੇ ਹੁਨਰ
- ਨਵੀਆਂ ਇੱਛਾਵਾਂ ਅਤੇ ਉਨ੍ਹਾਂ ਨੂੰ ਕਿਵੇਂ ਪ੍ਰਾਪਤ ਕਰਨਾ ਹੈ
- ਜੋਖ਼ਿਮਾਂ ਦਾ ਮੁਲਾਂਕਣ ਕਰਨ ਦੀ ਅਤੇ ਸਹੀ ਜੋਖ਼ਿਮ ਲੈਣ ਦੀ ਯੋਗਤਾ
- ਲਚੀਲਾਪਨ ਅਤੇ ਪਰਿਵਰਤਨ ਦਾ ਸਾਮ੍ਹਣਾ ਕਰਨ ਦੀ ਯੋਗਤਾ
- ਕੰਮ ਦੀ ਦੁਨੀਆਂ ਅਤੇ ਕਮਿਉਨਿਟੀ ਦੀ ਬਿਹਤਰ ਸਮਝ।

ਇਨ੍ਹਾਂ ਸਭ ਗੱਲਾਂ ਨਾਲ ਜ਼ਿੰਮੇਵਾਰ ਨਾਗਰਿਕਾਂ ਅਤੇ ਸਥਾਨਕ ਸਮੁਦਾਇ ਦੇ ਮੈਂਬਰਾਂ ਦੇ ਰੂਪ ਵਿੱਚ, ਅਤੇ ਕੰਮ ਕਰਨ ਦੀ ਜਗ੍ਹਾ 'ਤੇ, ਨੌਜਵਾਨਾਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਵਿੱਚ ਮਦਦ ਮਿਲੇਗੀ।

# ਵਧੇਰੇ ਸਾਹਸੀ ਬਣਨ ਵਿੱਚ ਆਪਣੇ ਬੱਚੇ ਦੀ ਮਦਦ ਕਰਨ ਲਈ ਮੈਂ ਕੀ ਕਰ ਸਕਦਾ/ਸਕਦੀ ਹਾਂ?

ਸਭ ਤੋਂ ਵੱਧ ਪ੍ਰਭਾਵਸ਼ਾਲੀ ਤਰੀਕਿਆਂ ਵਿਚੋਂ ਕੁਝ ਹਨ:

- ਘਰ ਵਿੱਚ ਉਨ੍ਹਾਂ ਨੂੰ ਕੰਮ ਅਤੇ ਜ਼ਿੰਮੇਵਾਰੀਆਂ ਦੇਣੀਆਂ ਅਤੇ ਇਨ੍ਹਾਂ ਨੂੰ ਸਫਲਤਾ ਨਾਲ ਪੂਰਾ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨੀ
- ਨਿਸ਼ਚੇਵਾਨ ਬਣਨਾ - ਰੁਕਾਵਟਾਂ ਜਾਂ ਗਲਤੀਆਂ ਨੂੰ ਸਿੱਖਿਆ ਦੇ ਅਨੁਭਵ ਵਿੱਚ ਬਦਲਣਾ
- ਉਨ੍ਹਾਂ ਦੀ ਰਾਇ ਪੁੱਛਣੀ ਅਤੇ ਫ਼ੈਸਲੇ ਲੈਣ ਵਿੱਚ ਉਨ੍ਹਾਂ ਨੂੰ ਸ਼ਾਮਲ ਕਰਨਾ
- ਨਵੀਆਂ ਚੀਜ਼ਾਂ ਦਾ ਅਨੁਭਵ ਲੈਣ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ - ਜ਼ਰੂਰੀ ਨਹੀਂ ਹੈ ਕਿ ਇਸਦੇ ਲਈ ਹਮੇਸ਼ਾਂ ਪੈਸੇ ਖ਼ਰਚ ਹੋਣ
- ਉਨ੍ਹਾਂ ਦੀਆਂ ਦਿਲਚਸਪੀਆਂ, ਵਿਸ਼ੇਸ਼ਤਾਵਾਂ ਅਤੇ ਯੋਗਤਾਵਾਂ ਦੇ ਅਨੁਸਾਰ ਉਨ੍ਹਾਂ ਦੇ ਖ਼ੁਦ ਦੇ ਵਿਚਾਰ ਜਾਂ ਉਨ੍ਹਾਂ ਦੇ ਪੇਸ਼ੇ ਦੀਆਂ ਯੋਜਨਾਵਾਂ ਵਿਕਸਿਤ ਕਰਨ ਵਿੱਚ ਉਨ੍ਹਾਂ ਦੀ ਅਸਲ ਮਦਦ ਕਰਨੀ।

# ਸਕੂਲ ਕੀ ਕਰ ਰਹੇ ਹਨ?

ਤੁਹਾਡੇ ਬੱਚੇ ਨੂੰ ਹਮੇਸ਼ਾਂ ਇਹ ਦੱਸਦੇ ਰਹਿਣ ਦੀ ਬਜਾਏ ਕਿ ਕੀ ਕਰਨਾ ਹੈ ਅਤੇ ਕਿਵੇਂ ਕਰਨਾ ਹੈ, ਅਧਿਆਪਕ ਅਕਸਰ ਉਨ੍ਹਾਂ ਨੂੰ ਆਪਣੇ ਖ਼ੁਦ ਦੇ ਫ਼ੈਸਲੇ ਲੈਣ ਲਈ, ਵਿਚਾਰ ਦੇਣ ਲਈ ਅਤੇ ਆਪਣੀ ਖ਼ੁਦ ਦੀ ਸਿੱਖਿਆ ਦੀ ਜ਼ਿੰਮੇਵਾਰੀ ਲੈਣ ਲਈ ਸਹਾਇਤਾ ਅਤੇ ਉਤਸ਼ਾਹ ਦਿੰਦੇ ਹਨ।
ਇਸ ਤਰੀਕੇ ਨਾਲ ਤੁਹਾਡੇ ਬੱਚੇ ਨੂੰ ਆਤਮ-ਵਿਸ਼ਵਾਸ, ‘ਕਰ ਸਕਣ’ ਵਾਲੀ ਸੋਚ ਅਤੇ ਗਲਤੀਆਂ ਤੋਂ ਸਿੱਖਣ ਦੀ ਸਭ ਤੋਂ ਮਹੱਤਵਪੂਰਨ ਯੋਗਤਾ ਵਿਕਸਿਤ ਕਰਨ ਵਿੱਚ ਮਦਦ ਮਿਲਦੀ ਹੈ।



ਸਕੂਲਾਂ ਵਿੱਚ ਜਿਨ੍ਹਾਂ ਚੀਜ਼ਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ, ਉਨ੍ਹਾਂ ਵਿੱਚ ਹੇਠਾਂ ਲਿਖੀਆਂ ਸ਼ਾਮਲ ਹੋ ਸਕਦੀਆਂ ਹਨ:

- 'ਸਾਡੀ ਮਦਦ ਕਰਨ ਵਾਲੇ ਲੋਕ' ਬਾਰੇ ਸਿੱਖਣਾ, ਜਿਸ ਵਿੱਚ ਸਥਾਨਕ ਲੋਕ ਸਕੂਲ ਦੇ ਦੌਰੇ ਕਰ ਸਕਦੇ ਹਨ ਜਿਵੇਂ ਫ਼ਾਇਰਮੈਨ, ਪੁਲੀਸਮੈਨ, ਡੰਗਰ-ਡਾਕਟਰ ਆਦਿ
- ਆਪਣੇ ਕੰਮਾਂ ਬਾਰੇ ਗੱਲ ਕਰਨ ਲਈ ਮਾਤਾ-ਪਿਤਾ ਜਾਂ ਦਾਦਾ-ਦਾਦੀ ਸਕੂਲ ਵਿੱਚ ਆਉਣ
- ਸਕੂਲ ਜਾਂ ਕਿਸੇ ਚੈਰਿਟੀ ਲਈ ਫ਼ੰਡ ਇਕੱਠਾ ਕਰਨ ਵਾਸਤੇ ਚੀਜ਼ਾਂ ਬਣਾਉਣੀਆਂ ਅਤੇ ਵੇਚਣੀਆਂ
- ਅਜਿਹੇ ਪ੍ਰੋਜੈਕਟ ਜਿਨ੍ਹਾਂ ਨਾਲ ਪੂਰੀ ਕਮਿਉਨਿਟੀ ਨੂੰ ਫ਼ਾਇਦਾ ਹੁੰਦਾ ਹੈ, ਜਿਵੇਂ ਕਿ ਰੀਸਾਇਕਲਿੰਗ, ਵਾਤਾਵਰਨ ਦੀ ਦੇਖਭਾਲ ਕਰਨੀ ਅਤੇ ਸਵੈਸੇਵੀ ਕੰਮ ਕਰਨਾ
- ਟ੍ਰੈਫ਼ਿਕ, ਦੁਕਾਨਾਂ, ਘਰਾਂ, ਲੋਕਾਂ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਆਦਿ ਦੇ ਸਥਾਨਕ ਸਰਵੇਖਣ
- ਵੱਡੇ ਬੱਚਿਆਂ ਲਈ ਕੰਮ ਦੇ ਅਨੁਭਵ ਦੇ ਮੌਕੇ
- ਅੰਤਰਰਾਸ਼ਟਰੀ ਲਿੰਕ ਅਤੇ ਅਨੁਭਵ
- ਸਕੂਲ ਦੇ ਸਮੇਂ ਦੇ ਬਾਅਦ ਦੀ ਸਿੱਖਿਆ ਅਤੇ ਪੜ੍ਹਾਈ ਦੇ ਮੌਕੇ।

ਕੀ ਤੁਸੀਂ, ਤੁਹਾਡਾ ਇੰਪਲੋਇਅਰ ਜਾਂ ਬਿਜ਼ਨਸ ਉੱਪਰ ਦੱਸੇ ਗਏ ਕੁਝ ਕੰਮਾਂ ਵਿੱਚ ਸਕੂਲ ਨਾਲ ਸ਼ਾਮਲ ਹੋ ਸਕਦੇ ਹਨ?

# ਪੇਸ਼ੇ ਨਾਲ ਸੰਬੰਧਤ ਚੋਣਾਂ ਕਰਨ ਵਿੱਚ ਮੈਂ ਆਪਣੇ ਬੱਚੇ ਦੀ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ?

ਅਸੀਂ ਜਾਣਦੇ ਹਾਂ ਕਿ ਆਪਣੇ ਬੱਚੇ ਦੇ ਪੇਸ਼ੇ ਦੀ ਚੋਣ ਕਰਨ ਵਿੱਚ ਮਾਤਾ-ਪਿਤਾ ਦਾ ਬਹੁਤ ਮਹੱਤਵਪੂਰਨ ਹੱਥ ਹੁੰਦਾ ਹੈ। ਤੁਸੀਂ ਹੇਠਾਂ ਲਿਖੇ ਦੁਆਰਾ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ:

- ਨਿਸ਼ਚੇਵਾਨ ਬਣਨਾ ਅਤੇ ਉਨ੍ਹਾਂ ਦੀ ਦਿਲਚਸਪੀ ਦੀਆਂ ਨੌਕਰੀਆਂ ਅਤੇ ਕੰਮ ਦੇ ਖੇਤਰਾਂ ਬਾਰੇ ਪਤਾ ਕਰਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ
- ਉਹ ਜਿਸ ਕੰਮ ਵਿੱਚ ਚੰਗੇ ਹਨ, ਉਸ 'ਤੇ ਧਿਆਨ ਦੇਣਾ ਅਤੇ ਉਨ੍ਹਾਂ ਨਾਲ ਉਨ੍ਹਾਂ ਦੀਆਂ ਉਮੀਦਾਂ ਅਤੇ ਇੱਛਾਵਾਂ ਬਾਰੇ ਗੱਲ ਕਰਨੀ
- ਕਿਸੇ ਪੇਸ਼ੇ ਦੀ ਚੋਣ ਕਰਨ ਬਾਰੇ ਸਕੂਲ ਦੇ ਪ੍ਰੋਗਰਾਮਾਂ ਵਿੱਚ ਹਾਜ਼ਰ ਹੋ ਕੇ ਇਸ ਪ੍ਰਕ੍ਰਿਆ ਵਿੱਚ ਸ਼ਾਮਲ ਹੋਣਾ
- ਉਨ੍ਹਾਂ ਨੂੰ ਜਾਣਕਾਰੀ ਦੇਣੀ ਕਿ ਮੁੰਡਿਆਂ ਅਤੇ ਕੁੜੀਆਂ ਦੋਵਾਂ ਲਈ ਹਰ ਤਰ੍ਹਾਂ ਦੇ ਕੰਮ ਉਪਲਬਧ ਹਨ
- ਉਪਲਬਧ ਜਾਣਕਾਰੀ, ਮਦਦ ਅਤੇ ਸਲਾਹ ਦੀ ਚੰਗੀ ਵਰਤੋਂ ਕਰਨੀ
- ਆਪਣੇ ਬੱਚੇ ਨਾਲ ਮਿਲ ਕੇ ਪੇਸ਼ੇ ਬਾਰੇ ਪ੍ਰਦਰਸ਼ਨੀਆਂ, ਸਥਾਨਕ ਬਿਜ਼ਨਸਾਂ, ਕੰਪਨੀਆਂ, ਕਾਲਿਜਾਂ ਅਤੇ ਯੂਨੀਵਰਸਿਟੀਆਂ ਦੇ ਓਪਨ ਡੇਜ਼ (ਸਾਰਿਆਂ ਲਈ ਖੁਲ੍ਹੇ ਦਿਨ) ਵਿੱਚ ਜਾਣਾ
- ਉਨ੍ਹਾਂ ਨੂੰ ਕੰਮ ਦਾ ਅਨੁਭਵ ਪ੍ਰਾਪਤ ਕਰਨ ਲਈ ਜਾਂ ਸਵੈਇੱਛਕ ਕੰਮ ਕਰਨ ਲਈ ਉਤਸ਼ਾਹਿਤ ਕਰਨਾ।

ਕਿਸੇ ਪੇਸ਼ੇ ਦੀ ਚੋਣ ਕਰਨ ਵਿੱਚ ਤੁਸੀਂ ਆਪਣੇ ਬੱਚੇ ਦੀ ਕਿਵੇਂ ਮਦਦ ਕਰ ਸਕਦੇ ਹੋ, ਇਸ ਬਾਰੇ ਵਧੇਰੇ ਜਾਣਕਾਰੀ ਲਈ ਸਕੂਲ ਨਾਲ ਜਾਂ ਕੈਰੀਅਰਸ ਸਕਾੱਟਲੈਂਡ ਨਾਲ ਸੰਪਰਕ ਕਰੋ।

ਇਸ ਸਭ ਕੁਝ ਬਾਰੇ, ਜਾਂ ਸਕਾੱਟਿਸ਼ ਸਿੱਖਿਆ ਦੇ ਕਿਸੇ ਵੀ ਪਹਿਲੂ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ ਪੇਰੇਂਟਜ਼ੋਨ 'ਤੇ ਮਿਲ ਸਕਦੀ ਹੈ: **www.parentzonescotland.gov.uk**

# ਉਪਯੋਗੀ ਲਿੰਕ ਅਤੇ ਸੰਪਰਕ

**ਪੇਰੇਂਟਜ਼ੋਨ (Parentzone)** www.parentzonescotland.gov.uk

**ਕੈਰੀਅਰਸ ਸਕਾੱਟਲੈਂਡ (Careers Scotland)** www.careers-scotland.org.uk

**ਏਂਟਰਪ੍ਰਾਇਜ਼ਿੰਗ ਕੈਰੀਅਰਸ (Enterprising Careers)** www.strath.ac.uk/enterprisingcareers

**ਸਫਲ ਹੋਣ ਲਈ ਦ੍ਰਿੜ੍ਹ (Determined to Succeed)** www.determinedtosucceed.co.uk

**ਹੁਨਰ (Skill)** (ਅਸਮਰਥਤਾ ਵਾਲੇ ਵਿਦਿਆਰਥੀਆਂ ਲਈ ਰਾਸ਼ਟਰੀ ਬਿਊਰੋ) www.skill.org.uk

**ਬੀਬੀਸੀ ਪੇਰੇਂਟਸ (BBC Parents)** www.bbc.co.uk/schools/parents

**ਚਾਈਲਡਕੇਅਰ ਲਿੰਕ (Childcare Link)**
ਟੈਲੀਫ਼ੋਨ: 0800 096 0296 www.childcarelink.gov.uk

**ਵਨ ਪੇਰੇਂਟ ਫ਼ੈਮਿਲੀਜ਼ ਸਕਾੱਟਲੈਂਡ (One Parent Families Scotland)**
ਟੈਲੀਫ਼ੋਨ: 0800 018 5026 www.opfs.org.uk

**ਪੇਰੇਂਟਸ ਸੈਂਟਰ (Parentscentre)** www.parentscentre.gov.uk

**ਪੇਰੇਂਟਲਾਈਨ ਸਕਾੱਟਲੈਂਡ (ParentLine Scotland)**
ਟੈਲੀਫ਼ੋਨ: 0808 800 2222 www.children1st.org.uk/parentline

**ਪੇਰੇਂਟ ਨੈਟਵਰਕ ਸਕਾੱਟਲੈਂਡ (Parent Network Scotland)**
ਟੈਲੀਫ਼ੋਨ: 0131 555 6780 www.parentnetworkscotland.org.uk

**ਪੁੱਛਗਿੱਛ (Enquire)** (ਸਿੱਖਿਆ ਵਿੱਚ ਵਾਧੂ ਸਹਾਇਤਾ ਲਈ ਸਕਾੱਟਿਸ਼ ਅਡਵਾਇਸ ਸਰਵਿਸ)

ਹੈਲਪਲਾਈਨ: 0845 123 23 03 ਟੈਕਸਟਫ਼ੋਨ: 0131 222 2439 www.enquire.org.uk

ਇਹ ਪਤ੍ਰਿਕਾ ਇੱਕ ਲੜੀ ਵਿੱਚ ਅੱਠਵੀਂ ਹੈ ਜਿਸ ਵਿੱਚ ਉਸ ਵਾਸਤਵਿਕ ਫ਼ਰਕ ਬਾਰੇ ਦੱਸਿਆ ਗਿਆ ਹੈ ਜੋ ਮਾਤਾਪਿਤਾ ਆਪਣੇ ਬੱਚਿਆਂ ਦੀ ਪੜ੍ਹਾਈ ਵਿੱਚ ਲਿਆ ਸਕਦੇ ਹਨ ਅਤੇ ਲਿਆਉਂਦੇ ਹਨ। ਤੁਹਾਡੇ ਬੱਚੇ ਦੇ ਸਕੂਲ ਵਿੱਚ ਵਿਹਾਰਕ ਪ੍ਰਬੰਧਾਂ ਬਾਰੇ ਤੁਹਾਨੂੰ ਜੋ ਸਥਾਨਕ ਸਲਾਹ ਮਿਲੇਗੀ, ਉਸਦੇ ਨਾਲ-ਨਾਲ ਇਹ ਲੜੀ ਤੁਹਾਨੂੰ, ਆਪਣੇ ਬੱਚੇ ਦੀ ਸਿੱਖਿਆ ਵਿੱਚ ਵਧੇਰੇ ਚੰਗੀ ਤਰ੍ਹਾਂ ਨਾਲ ਸ਼ਾਮਲ ਹੋਣ ਵਿੱਚ ਤੁਹਾਡੀ ਮਦਦ ਕਰਨ ਲਈ ਜਾਣਕਾਰੀ ਦਵੇਗੀ। ਪ੍ਰਕਾਸ਼ਿਤ ਕੀਤੀਆਂ ਗਈ ਹੋਰ ਪਤ੍ਰਿਕਾਵਾਂ ਹੋਮਵਰਕ, ਜਾਣਕਾਰੀ ਵੰਡਣ, ਪੇਰੇਂਟਸ ਈਵਨਿੰਗਜ਼, ਸਕੂਲ ਦੀਆਂ ਛੁੱਟੀਆਂ, ਸਕੂਲ ਦੇ ਨਵੇਂ ਸਾਲ ਦੀ ਸ਼ੁਰੂਆਤ, ਸਿਹਤਮੰਦ ਚੋਣਾਂ, ਸਕੂਲ ਤੋਂ ਬਾਹਰ ਦੀ ਸਿੱਖਿਆ ਅਤੇ ਸਿੱਖਿਆ ਵਿੱਚ ਨਵੀਂ ਟੈਕਨਾਲੋਜੀ ਬਾਰੇ ਹਨ।

ਜੇ ਤੁਸੀਂ ਸਾਡੇ ਨਾਲ ਸੰਪਰਕ ਕਰਨਾ ਚਾਹੋ, ਜਾਂ ਭਵਿੱਖ ਵਿੱਚ ਆਉਣ ਵਾਲੀਆਂ ਪਤ੍ਰਿਕਾਵਾਂ ਲਈ ਵਿਸ਼ਿਆਂ ਬਾਰੇ ਸੁਝਾਉ ਦੇਣਾ ਚਾਹੋ, ਤਾਂ ਕ੍ਰਿਪਾ ਕਰਕੇ www.parentzonescotland.gov.uk 'ਤੇ ਜਾਓ ਜਾਂ 0131 244 0956 'ਤੇ ਫ਼ੋਨ ਕਰੋ। ਇਹ ਪਤ੍ਰਿਕਾ ਤੁਹਾਡੇ ਬੱਚੇ ਦੇ ਸਕੂਲ ਤੋਂ ਅਤੇ ਪੇਰੇਂਟਜ਼ੋਨ ਵੈਬਸਾਈਟ ਤੋਂ ਕਮਿਉਨਿਟੀ ਭਾਸ਼ਾਵਾਂ ਵਿੱਚ ਅਤੇ ਦੂਸਰੇ ਰੁਪਾਂਤਰਾਂ ਵਿੱਚ ਮਿਲ ਸਕੇਗੀ।

ਇਹ ਲੜੀ ਕਵਾਲਿਟੀ ਇਨ ਐਜੂਕੇਸ਼ਨ ਸੇਂਟਰ ( ਯੂਨੀਵਰਸਿਟੀ ਆੱਫ਼ ਸਟ੍ਰੈਥਕਲਾਈਡ) ਅਤੇ ਚਿਲਡ੍ਰਨ ਇਨ ਸਕੋਟਲੈਂਡ ਦੇ ਨਾਲ ਸਾਂਝੇਦਾਰੀ ਵਿੱਚ ਤਿਆਰ ਕੀਤੀ ਗਈ ਹੈ।

ਇਸ ਅਨੁਵਾਦ ਨੂੰ ਅਸਲੀ ਦਸਤਾਵੇਜ਼ ਦਾ ਬਿਲਕੁਲ ਸਹੀ ਚਿੱਤਰਨ (ਅਰਥ) ਮੰਨਿਆ ਗਿਆ ਹੈ।

qie Quality in Education   Children IN SCOTLAND CLANN AN ALBA   SCOTTISH EXECUTIVE   determined to succeed

Astron B45015 01-06 (Punjabi)